# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

## ਤਿਕਸ਼ਨ ਸੂਦ ਨੇ ਵਾਰਡ ਨੰ 50 ਦੇ ਮੁਹੱਲਾ ਨਵੀ ਆਬਾਦੀ ਨਲੋਈਆਂ ਵਿਖੇ 20 ਲੱਖ ਰੁਪਏ ਦੀ ਲਾਗਤ ਨਾਲ ਲਗੱਣ ਵਾਲੇ ਨਵੇਂ ਟਿਊਬਵੈਲ ਦੇ ਕੰਮ ਦੀ ਕੀਤੀ ਸ਼ੁਰੂਆਤ

ਹੁਸ਼ਿਆਰਪੁਰ 2 ਅਗਸਤ ਮੁੱਖ ਮੰਤਰੀ ਪੰਜਾਬ ਦੇ ਰਾਜਨੀਤਿਕ ਸਲਾਹਕਾਰ ਤਿਕਸ਼ਨ ਸੂਦ ਨੇ ਵਾਰਡ ਨੰ 50 ਦੇ ਮੁਹੱਲਾ ਨਵੀ ਆਬਾਦੀ ਨਲੋਈਆਂ ਵਿਖੇ 20 ਲੱਖ ਰੁਪਏ ਦੀ ਲਾਗਤ ਨਾਲ ਲਗੱਣ ਵਾਲੇ ਨਵੇਂ ਟਿਊਬਵੈਲ ਦੇ ਕੰਮ ਦੀ ਸ਼ੁਰੂਆਤ ਨਾਰੀਅਲ ਤੋੜ ਕੇ ਕੀਤੀ। ਮੇਅਰ ਸ਼ਿਵ ਸੂਦ, ਵਾਰਡ ਨੰਬਰ 50 ਦੇ ਕੋਂਸਲਰ ਸੁਰੇਖਾ ਬਰਜਾਤਾ ਅਤੇ ਕ੍ਰਿਸ਼ਚੀਅਨ ਫਰੰਟ ਦੇ ਪ੍ਰਧਾਨ ਲਾਰੈਂਸ ਚੋਧਰੀ ਇਸ ਮਕੇ ਤੇ ਉਹਨ੍ਹਾਂ ਦੇ ਨਾਲ ਸਨ।ਨਵੀ ਆਬਾਦੀ ਨਲੋਈਆਂ ਵਿਖੇ ਭਾਰੀ ਇਕੱਠ ਨੂੰ ਸਬੋਧਨ ਕਰਦਿਆ ਤਿਕਸ਼ਨ ਸੂਦ ਨੇ ਦਸਿੱਆ ਕਿ ਮੁਹੱਲਾ ਵਾਸੀਆਂ ਵੱਲੋਂ ਪੀਣ ਵਾਲੇ ਪਾਣੀ ਦੀ ਕਮੀ ਦੂਰ ਕਰਨ ਲਈ ਮੰਗ ਕੀਤੀ ਗਈ ਸੀ।ਜਿਸ ਤੇ ਗੋਰ ਕਰਦੇ ਹੋਏ ਅੱਜ ਨਵਾਂ ਟਿਊਬਵੈਲ ਲਗਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ ਇਸ ਦੇ ਚਾਲੂ ਹੋਣ ਨਾਲ ਵਾਰਡ ਨੰ 50 ਦੇ ਨਿਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਕੋਈ ਕਮੀ ਨਹੀ ਰਹੇਗੀ। ਉਹਨ੍ਹਾਂ ਨੇ ਦਸਿੱਆ ਕਿ ਆਕਾਲੀ ਭਾਜਪਾ ਸਰਕਾਰ ਦੇ ਹੋਦ ਵਿੱਚ ਆਉਣ ਸਮੇਂ ਸ਼ਹਿਰ ਵਿੱਚ ਸਿਰਫ 35 ਟਿਊਬਵੈਲ ਹੀ ਕੰਮ ਕਰ ਰਹੇ ਸਨ । ਜਿਹਨ੍ਹਾਂ ਦੀ ਗਿਣਤੀ ਵਧਾ ਕੇ 85 ਕਰ ਦਿੱਤੀ ਗਈ ਹੈ ਅਤੇ ਜਲਦੀ ਹੀ ਹੋਰ ਨਵੇਂ ਟਿਊਬਵੈਲ ਲਗਾਏ ਜਾ ਰਹੇ ਹਨ। ਜਿਹਨ੍ਹਾ ਦੇ ਲਗੱਣ ਨਾਲ ਸ਼ਹਿਰ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਕੋਈ ਕੰਮੀ ਨਹੀ ਰਹੇਗੀ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਇਸ ਮੋਕੇ ਤੇ ਨਗਰ ਨਿਗਮ ਵੱਲੋਂ ਵੱਖ ਵੱਖ ਵਾਰਡਾਂ ਵਿੱਚ ਕੀਤੇ ਜਾ ਰਹੇ ਵਿਕਾਸ ਕੰਮਾਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਦਸਿੱਆ ਕਿ ਸ਼ਹਿਰ ਦੀਆਂ ਸੜਕਾਂ ਅਤੇ ਗਲੀਆਂ ਵਿੱਚ ਪ੍ਰੀਮਿਕਸ ਪਾਉਣ ਦਾ ਕੰਮ ਜੰਗੀ ਪਧੱਰ ਤੇ ਕੀਤਾ ਜਾ ਰਿਹਾ ਹੈ। ਸ਼ਹਿਰ ਦੇ ਨਵੇਂ ਬਣੇ ਮੁਹਲਿਆਂ ਵਿੱਚ ਸੀਵਰੇਜ਼ ਅਤੇ ਵਾਟਰ ਸਪਲਾਈ ਦੀਆਂ ਪਾਈਪਾਂ ਪਾਈਆਂ ਜਾ ਰਹੀਆਂ ਹਨ। ਜਿਸ ਉਪਰੰਤ ਉਹਨ੍ਹਾਂ ਮੁਹੱਲਿਆਂ ਦੀਆਂ ਗਲੀਆਂ ਨੂੰ ਪੱਕਾ ਕੀਤਾ ਜਾਵੇਗਾ।

ਇਸ ਮੋਕੇ ਤੇ ਮਾਰਕੀਟ ਕਮੇਟੀ ਦੇ ਉਪ ਚੇਅਰਮੈਨ ਵਿਜੇ ਪਠਾਨੀਆ, ਦਿਹਾਤੀ ਮੰਡਲ ਪ੍ਰਧਾਨ ਰਾਜ ਕੁਮਾਰ, ਡਾ: ਪ੍ਰਵੀਨ, ਰਾਮਦੇਵ ਯਾਦਵ, ਜੇ.ਈ (ਮਕੈਨੀਕਲ) ਅਸ਼ਵਨੀ ਸ਼ਰਮਾ, ਇਸਪੈਕਟਰ ਰਵਿੰਦਰ ਠਾਕੁਰ, ਮੁਹੱਲਾ ਕਮੇਟੀ ਦੇ ਪ੍ਰਧਾਨ ਰਾਜ ਕੁਮਾਰ ਕਲਸੀ, ਅਵਤਾਰ ਸਿੰਘ, ਸ਼ਿਵ ਰਾਮ, ਬਲਵੀਰ ਸਿੰਘ, ਰਵਿੰਦਰ ਕੁਮਾਰ, ਪਵਨ ਕੁਮਾਰ, ਸ਼ੰਮੀ, ਕਮਲ, ਸਰਬਜੀਤ ਕੋਰ, ਕੁਸਮ, ਰਾਜ ਰਾਨੀ ਵੀ ਇਸ ਮੋਕੇ ਤੇ ਉਹਨ੍ਹਾਂ ਦੇ ਨਾਲ ਸਨ।